Punjab Government Gazette

**EXTRAORDINARY**

*Published by Authority*

CHANDIGARH, SATURDAY, DECEMBER 27, 2025 (PAUSA 6, 1947 SAKA)

**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

**ਅਧਿਸੂਚਨਾ**

ਮਿਤੀ 22 ਦਸੰਬਰ, 2025

**ਨੰਬਰ: 04/100/ਹਲਕਾਬੰਦੀ(ਸ-1)/ਮਚਸ਼/2025/275.**-ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ III ਆਫ 1911) ਦੀ ਧਾਰਾ 240 ਦੇ ਉਪਬੰਧਾਂ ਅਨੁਸਾਰ ਅਤੇ ਡਿਲੀਮੀਟੇਸ਼ਨ ਆਫ ਵਾਰਡਜ਼ ਆਫ ਮਿਉਂਸਪੈਲਟੀਜ ਰੂਲਜ, 1972 ਦੇ ਨਿਯਮ 8 ਅਧੀਨ ਇਸ ਤੋਂ ਪਹਿਲਾਂ ਇਸ ਸਬੰਧ ਵਿੱਚ ਜਾਰੀ ਕੀਤੇ ਹੁਕਮਾਂ ਦਾ ਅਧਿਲੰਘਣ ਕਰਦੇ ਹੋਏ ਹੇਠਾਂ ਲਿਖਿਆ ਨਿਯਮਾਂ ਦਾ ਖਰੜ੍ਹਾ ਜਿਨ੍ਹਾਂ ਨੂੰ ਬਨਾਉਣ ਲਈ ਪੰਜਾਬ ਦੇ ਰਾਜਪਾਲ ਤਜਵੀਜ ਕਰਦੇ ਹਨ ਅਤੇ ਇਸ ਸਬੰਧ ਵਿੱਚ ਆਪਣੀਆਂ ਸਮੂਹ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਗਰ ਕੌਂਸਲ, ਫਤਿਹਗੜ੍ਹ ਚੂੜੀਆਂ ਜ਼ਿਲਾ ਗੁਰਦਾਸਪੁਰ ਦੇ ਵਾਰਡਾਂ ਦੀ ਹਲਕਾਬੰਦੀ ਉਨ੍ਹਾਂ ਵਿਅਕਤੀਆਂ ਦੀ ਸੂਚਨਾ ਲਈ ਪ੍ਰਕਾਸ਼ਤ ਕਰਦੇ ਹਨ, ਜਿਨ੍ਹਾਂ ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੋਵੇ। ਉਹ ਇਸ ਅਧਿਸੂਚਨਾ ਦੇ ਪ੍ਰਕਾਸ਼ਤ ਹੋਣ ਤੋਂ 7 ਦਿਨਾਂ ਦੇ ਪਿੱਛੋਂ ਨਿਮਨ ਅਨੁਸਾਰ ਖਰੜੇ ਤੇ ਪ੍ਰਾਪਤ ਉਨ੍ਹਾਂ ਇਤਰਾਜਾਂ/ ਸੁਝਾਵਾਂ ਤੇ ਵਿਚਾਰ ਕੀਤਾ ਜਾਵੇਗਾ ਜਿਹੜੇ ਨਿਯਮਾਂ ਦੇ ਖਰੜੇ ਸਬੰਧੀ ਕਿਸੇ ਵੀ ਅਸਰ ਸੰਭਾਵੀ ਵਿਅਕਤੀ ਵਲੋਂ ਉਕਤ ਅਨੁਸਾਰ ਮਿੱਥੇ ਸਮੇ ਅੰਦਰ ਸਬੰਧਤ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਰਾਹੀਂ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਨੂੰ ਪ੍ਰਾਪਤ ਹੋਣਗੇ।

<u>ਨਿਯਮਾਂ ਦਾ ਖਰੜਾ</u>

ਨਗਰ ਕੌਂਸਲ, ਫਹਿਤਗੜ੍ਹ ਚੂੜੀਆਂ, ਜਿਲ੍ਹਾ ਗੁਰਦਾਸਪੁਰ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਕੌਂਸਲ ਫਤਿਹਗੜ੍ਹ ਚੂੜੀਆਂ ਨੂੰ 13 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 8 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾਂ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ ਅਤੇ
4. ਪੱਛੜੀ ਸ਼੍ਰੇਣੀਆਂ ਦੇ ਮੈਂਬਰਾ ਲਈ ਰਾਖਵਾਂ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

## ਨਗਰ ਕੌਂਸਲ, ਫਤਿਹਗੜ੍ਹ ਚੂੜੀਆਂ, ਜਿਲ੍ਹਾ ਗੁਰਦਾਸਪੁਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

### ਵਾਰਡ ਨੰਬਰ: 1 (ਇਸਤਰੀ ਮੈਂਬਰਾ ਲਈ ਰਾਖਵਾਂ)

ਮੇਨ ਡੇਰਾ ਬਾਬਾ ਨਾਨਕ ਰੋਡ ਅਤੇ ਨਗਰ ਕੌਂਸਲ ਦੀ ਉੱਤਰੀ ਹੱਦ ਦੇ ਮਿਲਣ ਦੇ ਆਰੰਭ ਕਰਕੇ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਉੱਕਤ ਹੱਦ ਨਾਲ ਚੱਲਦੇ ਹੋਏ ਪਿੰਡ ਚਿਤੌੜਗੜ੍ਹ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਗਲੀ ਬਟਾਲਾ ਮੇਨ ਰੋਡ, ਉਕਤ ਰੋਡ ਨਾਲ ਚੱਲਦੇ ਹੋਏ ਰਸਤਾ ਆਈਸ ਫੈਕਟਰੀ ਤੀਕ, ਉਕਤ ਰਸਤੇ ਨਾਲ ਚੱਲਦੇ ਹੋਏ ਮੇਨ ਬਾਬਾ ਨਾਨਕ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰ: 2 (ਪੱਛੜੀਆਂ ਸ੍ਰੇਣੀਆਂ ਦੇ ਮੈਂਬਰਾ ਲਈ ਰਾਖਵਾਂ)

ਗਲੀ ਚਰਚ ਅਤੇ ਗਲੀ ਗਰਾਉਂਡ ਵਾਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗਰਾਉਂਡ ਵਾਲੀ ਗਲੀ ਦੇ ਨਾਲ ਚੱਲਦੇ ਹੋਏ ਮੇਨ ਡੇਰਾ ਬਾਬਾ ਨਾਨਕ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਮੇਨ ਬਟਾਲਾ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਟਾਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਸਰਕੂਲਰ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਜਾਰ ਤੀਕ, ਫਿਰ ਉਕਤ ਬਜ਼ਾਰ ਨਾਲ ਚੱਲਦੇ ਹੋਏ ਸਰੂਕਲਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਬਜਾਰ ਲਾਲਾ ਸੰਤ ਰਾਮ ਤੀਕ, ਫਿਰ ਉਕਤ ਬਜ਼ਾਰ ਨਾਲ ਚੱਲਦੇ ਹੋਏ ਮੇਨ ਬਜਾਰ ਤੋਂ ਪੁਲਿਸ ਸਟੇਸ਼ਨ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਚਰਚ ਅਤੇ ਗਲੀ ਗਰਾਉਂਡ ਵਾਲੀ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

### ਵਾਰਡ ਨੰ. 3 (ਇਸਤਰੀ ਮੈਂਬਰਾ ਲਈ ਰਾਖਵਾਂ)

ਮੇਨ ਡੇਰਾ ਬਾਬਾ ਨਾਨਕ ਰੋਡ ਅਤੇ ਰਸਤਾ ਆਈਸ ਫੈਕਟਰੀ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਉਕਤ ਰਸਤੇ ਨਾਲ ਚੱਲਦੇ ਹੋਏ ਮੇਨ ਬਟਾਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਚਿਤੋੜਗੜ੍ਹ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਕਲੋਨੀ ਰਾਈਲ ਸਿਟੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਮਜੀਠਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਅਰਪਣ ਸਿੰਘ ਭੂਲਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਰਪਣ ਸਿੰਘ ਭੂਲਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਟਾਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਜਾਰ ਤੀਕ, ਉਕਤ ਬਜਾਰ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਮੇਨ ਬਟਾਲਾ ਰੋਡ ਵਾਲੀ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਟਾਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਸਰਕੂਲਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਡੇਰਾ ਬਾਬਾ ਨਾਨਕ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਰਸਤਾ ਆਈਸ ਫੈਕਟਰੀ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

### ਵਾਰਡ ਨੰ. 4

ਮੇਨ ਬਟਾਲਾ ਰੋਡ ਅਤੇ ਗਲੀ ਅਰਪਣ ਸਿੰਘ ਭੂਲਰ ਵਾਲੀ ਦੇ ਮਿਲਦੇ ਸਥਾਨ ਤੋਂ ਆਰੰਭ ਕਰਕੇ ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਮੇਨ ਮਜੀਠਾ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਨ ਮਜੀਠਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਰਾਈਲ ਸਿੱਟੀ ਕਲੋਨੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕ੍ਰੌਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਗੁਰਲਾਲ ਐਵੀਨਿਊ ਕਲੋਨੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਸੰਗਤਪੁਰਾ ਅੰਮ੍ਰਿਤਸਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਟਾਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਅਰਪਣ ਸਿੰਘ ਭੂਲਰ ਵਾਲੀ ਤੀਕ, ਅਰਥਾਤ ਜਿੱਥੋ ਆਰੰਭ ਕੀਤਾ ਸੀ।

### ਵਾਰਡ ਨੰ. 5 (ਇਸਤਰੀ ਮੈਂਬਰਾ ਲਈ ਰਾਖਵਾਂ)

ਮੇਨ ਬਟਾਲਾ ਰੋਡ ਅਤੇ ਮੇਨ ਸੰਗਤਪੁਰਾ ਅੰਮ੍ਰਿਤਸਰ ਰੋਡ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਮੇਨ ਸੰਗਤਪੁਰਾ ਅੰਮ੍ਰਿਤਸਰ ਰੋਡ ਨਾਲ ਚੱਲਦੇ ਹੋਏ ਗੁਰਲਾਲ ਐਵੀਨਿਊ ਕਲੋਨੀ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ, ਉਕਤ ਹੱਦ ਨਾਲ ਚੱਲਦੇ ਹੋਏ ਮੇਨ ਸੰਗਤਪੁਰਾ ਅੰਮ੍ਰਿਤਸਰ ਰੋਡ ਪਾਰ ਕਰਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਉਕਤ ਹੱਦ ਨਾਲ

ਚੱਲਦੇ ਹੋਏ ਅਜਨਾਲਾ ਰੋਡ ਪਾਰ ਕਰਦੇ ਹੋਏ ਰੇਲਵੇ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਬੱਸ ਸਟੈਂਡ ਤੋਂ ਮੇਨ ਬਜਾਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਟੈਲੀਫੋਨ ਐਕਸਚੈਂਜ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਟਾਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਸੰਗਤਪੁਰਾ ਅੰਮ੍ਰਿਤਸਰ ਰੋਡ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰ. 6

ਰੇਲਵੇ ਰੋਡ ਅਤੇ ਨਗਰ ਕੌਂਸਲ ਦੀ ਪੱਛਮੀ ਹੱਦ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ------- ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਗਲੀ ---- ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੂਰਨ ਭਲਵਾਨ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਦੁਆਰਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੁਰਿੰਦਰ ਕੁਮਾਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਰੇਲਵੇ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰ. 7 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ)

ਸਰਕੂਲਰ ਰੋਡ ਅਤੇ ਗਲੀ ਐਲ.ਐਮ.ਐਸ.ਡੀ ਸਕੂਲ ਵਾਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਉਕਤ ਗਲੀ ਨਾਲ ਚੱਲਦੇ ਹੋਏ ਗੁਰਦੁਆਰਾ ਸਾਹਿਬ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਸਾਹਮਣੇ ਐਕਸ ਐਮ.ਸੀ. ਪ੍ਰਤਾਪ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਾਸਟਰ ਦੁੱਗਲ ਚੌਂਕ ਤੀਕ, ਫਿਰ ਉਕਤ ਚੌਂਕ ਤੋਂ ਚੱਲਦੇ ਹੋਏ ਗਲੀ ਸੁਰਿੰਦਰ ਕੁਮਾਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੂਰਨ ਪਲਵਾਨ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਗਲੀ ਐਲ.ਐਮ.ਐਸ.ਡੀ ਸਕੂਲ ਵਾਲੀ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰ. 8

ਆਰਿਆ ਸਮਾਜ ਮੰਦਿਰ ਅਤੇ ਮੇਨ ਬਜਾਰ ਤੋਂ ਪੁਲਿਸ ਸਟੇਸ਼ਨ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਉਕਤ ਬਜਾਰ ਨਾਲ ਚੱਲਦੇ ਹੋਏ ਬੱਸ ਸਟੈਂਡ ਤੋਂ ਮੇਨ ਬਜਾਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਗਲੀ ਚੱਕਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਤਪਾਲ ਸ਼ਰਮਾ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਾਸਟਰ ਨਾਗਰੇ ਵਾਲੀ ਤੀਕ, ਉਕਤ ਗਲੀ ਤੋਂ ਚਲਦੇ ਹੋਏ ਗਲੀ ਪੂਰੀ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਮ.ਸੀ. ਲਖਵਿੰਦਰ ਸਿੰਘ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਸੈਂਟਰਲ ਪਟਵਾਰ ਖਾਨਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਬੱਸ ਸਟੈਂਡ ਤੋਂ ਮੇਨ ਬਜਾਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਰੇਲਵੇ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਗਲੀ ਮੂਲਰਾਜ ਖੜ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਆਰਿਆ ਸਮਾਜ ਮੰਦਿਰ ਅਤੇ ਮੇਨ ਬਜਾਰ ਤੋਂ ਪੁਲਿਸ ਸਟੇਸ਼ਨ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

## ਵਾਰਡ ਨੰ. 9 (ਇਸਤਰੀ ਮੈਂਬਰਾ ਲਈ ਰਾਖਵਾਂ)

ਗੁਰਦੁਆਰਾ ਸਾਹਿਬ ਲੋਹਾਰਾਂ ਵਾਲਾ ਅਤੇ ਸਰਕੂਲਰ ਰੋਡ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਐਮ.ਸੀ. ਲਖਵਿੰਦਰ ਸਿੰਘ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੂਰੀ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਾਸਟਰ ਨਾਗਰੇ ਵਾਲੀ ਤੀਕ, ਉਕਤ ਗਲੀ ਤੋਂ ਚਲਦੇ ਹੋਏ ਗਲੀ ਸਤਪਾਲ ਸ਼ਰਮਾ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਚੱਕਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਬੱਸ ਸਟੈਂਡ ਤੋਂ ਮੇਨ ਬਜਾਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਮੇਨ ਬਜਾਰ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੇਨ ਬਜ਼ਾਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਜਾਰ ਰੋਡ ਪਾਰ ਕਰਦੇ ਹੋਏ ਗਲੀ ਪਾਂਧੀਆਂ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੈਦਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਉਕਤ ਗਲੀ ਨਾਲ ਚਲਦੇ ਹੋਏ ਗਲੀ ਲੋਹਾਰਾਂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਭਗਤ ਸਿੰਘ ਚੌਂਕ ਤੀਕ, ਫਿਰ ਉਕਤ ਚੌਂਕ ਤੋਂ ਚੱਲਦੇ ਹੋਏ ਗਲੀ ਗੁਰਦੁਆਰਾ ਸਾਹਿਬ ਲੋਹਾਰਾਂ ਵਾਲਾ ਅਤੇ ਸਰਕੂਲਰ ਰੋਡ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ. 10**

ਸਰਕੂਲਰ ਰੋਡ ਅਤੇ ਗਲੀ ਬਾਵੇ ਚੱਕੀ ਵਾਲੇ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪਵਨ ਬੁੱਕ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਜਾਰ ਤੋਂ ਪੁਲਿਸ ਸਟੇਸ਼ਨ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਬਜਾਰ ਲਾਲਾ ਸੰਤ ਰਾਮ ਤੀਕ, ਉਕਤ ਬਜਾਰ ਨਾਲ ਚਲਦੇ ਹੋਏ ਸਰਕੂਲਰ ਰੋਡ ਅਤੇ ਗਲੀ ਬਾਵੇ ਚੱਕੀ ਵਾਲੇ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ. 11 (ਇਸਤਰੀ ਮੈਂਬਰਾ ਲਈ ਰਾਖਵਾਂ)**

ਗਲੀ ਬਾਵੇ ਚੱਕੀ ਵਾਲੀ ਅਤੇ ਗਲੀ ਲੋਹਾਰਾਂ ਵਾਲੀ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਗਲੀ ਲੋਹਾਰਾਂ ਨਾਲ ਚੱਲਦੇ ਹੋਏ ਗਲੀ ਸੈਦਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪਾਂਧੀਆਂ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਜਾਰ ਰੋਡ ਪਾਰ ਕਰਦੇ ਹੋਏ ਲਿੰਕ ਗਲੀ ਮੇਨ ਬਜਾਰ ਤੋਂ ਪੁਲਿਸ ਸਟੇਸ੍ਨ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਪੁਲਿਸ ਸਟੇਸ਼ਨ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਗਲੀ ਪਵਨ ਬੁੱਕ ਵਾਲੀ ਤੀਕ, ਉਕਤ ਗਲੀ ਨਾਲ ਚਲਦੇ ਹੋਏ ਗਲੀ ਬਾਵੇ ਚੱਕੀ ਵਾਲੀ ਅਤੇ ਗਲੀ ਲੋਹਾਰਾਂ ਵਾਲੀ ਤੀਕ, ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ. 12 (ਅਨੁਸੂਚਿਤ ਜਾਤੀਆਂ ਦੇ ਮੈਂਬਰਾ ਲਈ ਰਾਖਵਾਂ)**

ਨਿਊ ਤਹਿਸੀਲ ਦਫਤਰ ਅਤੇ ਮੇਨ ਬਜਾਰ ਤੋਂ ਪੁਲਿਸ ਸਟੇਸ਼ਨ ਰੋਡ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਆਰਿਆ ਸਮਾਜ ਮੰਦਰ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੂਲ ਰਾਜ ਖੜ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਕਸ. ਐਮ.ਸੀ. ਪ੍ਰਤਾਪ ਸਿੰਘ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਸਾਹਮਣੇ ਗੁਰਦੁਆਰਾ ਸਾਹਿਬ ਵਾਲੀ ਤੀਕ, ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਗਲੀ ਗੁਰਦੁਆਰਾ ਸਾਹਿਬ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਐਲ.ਐਮ.ਐਸ.ਡੀ. ਸਕੂਲ ਤੀਕ, ਉਕਤ ਸਕੂਲ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ ਨਿਊ ਤਹਿਸੀਲਾਂ ਦਫਤਰ ਅਤੇ ਮੇਨ ਬਜਾਰ ਤੋਂ ਪੁਲਿਸ ਸਟੇਸ਼ਨ ਰੋਡ, ਅਰਥਾਤ ਜਿਥੋਂ ਆਰੰਭ ਕੀਤਾ ਸੀ।

**ਵਾਰਡ ਨੰ. 13**

ਨਗਰ ਕੌਂਸਲ ਦੀ ਉੱਤਰੀ ਹੱਦ ਅਤੇ ਮੇਨ ਡੇਰਾ ਬਾਬਾ ਨਾਨਕ ਰੋਡ ਦੇ ਮਿਲਣ ਸਥਾਨ ਤੋਂ ਆਰੰਭ ਕਰਕੇ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਗਰਾਊਂਡ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਗਲੀ ਚਰਚ ਵਾਲੀ ਤੀਕ, ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਜ਼ਾਰ ਤੋਂ ਪੁਲਿਸ ਸਟੇਸ੍ਨ ਰੋਡ ਪਾਰ ਕਰਦੇ ਹੋਏ ਸਰਕੂਲਰ ਰੋਡ ਤੀਕ, ਉਕਤ ਰੋਡ ਨਾਲ ਚੱਲਦੇ ਹੋਏ -------ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਅਤੇ ਮੇਨ ਡੇਰਾ ਬਾਬਾ ਨਾਨਕ ਰੋਡ, ਅਰਥਾਤ ਜਿਥੋਂ ਆਰੰਭ ਕੀਤਾ ਸੀ।

ਸਹੀ/-

**ਮਨਜੀਤ ਸਿੰਘ ਬਰਾੜ, ਆਈ.ਏ.ਐਸ,**

ਸਕੱਤਰ, ਪੰਜਾਬ ਸਰਕਾਰ

ਮਿਤੀ 22 ਦਸੰਬਰ, 2025 ਸਥਾਨਕ ਸਰਕਾਰ ਵਿਭਾਗ

*3594/12-2025/Pb. Govt. Press, S.A.S. Nagar*